Punjabi

## ਇਸਦੀ ਕੀ ਫ਼ੀਸ ਹੈ?

ਕੇਅਰ ਫਾਈਂਡਰ ਸਰਵਿਸ ਮੁਫ਼ਤ ਹੈ

## ਕੀ ਮੈਨੂੰ ਦੁਭਾਸ਼ੀਆਂ ਮਿਲ ਸਕਦਾ ਹੈ?

ਸਾਡੇ ਕੇਅਰ ਫਾਈਂਡਰ ਕਈ ਭਾਸ਼ਾਵਾਂ ਬੋਲਦੇ ਹਨ ਅਤੇ ਲੋੜ ਪੈਣ 'ਤੇ ਮੁਫ਼ਤ ਦੁਭਾਸ਼ੀਆਂ ਸੇਵਾ ਵੀ ਉਪਲਬਧ ਹੈ।

## IPC Health ਕੇਅਰ ਫਾਈਂਡਰ ਸਰਵਿਸ ਨਾਲ ਸੰਪਰਕ ਕਿਵੇਂ ਕੀਤਾ ਜਾਣਾ ਚਾਹੀਦਾ ਹੈ

**P** 1300 895 589
**E** carefinders@ipchealth.com.au

ਜਾਂ ਆਪਣੇ ਸਥਾਨਕ IPC Health ਕੈਂਪਸ ਵਿੱਚ ਜਾਉ।

VICTORIA State Government

IPC Health ਆਸਟ੍ਰੇਲੀਆਈ ਅਤੇ ਵਿਕਟੋਰੀਅਨ ਸਰਕਾਰਾਂ ਦੀਆਂ ਮੱਦਦ ਨੂੰ ਸਵੀਕਾਰ ਕਰਦਾ ਹੈ।


**IPC Health ਕਾਰਪੋਰੇਟ ਦਫ਼ਤਰ**

106 Station Road
Deer Park VIC 3023
PO Box 171 Deer Park VIC 3023

**ACN** 136 685 151
**ABN** 68 846 923 225


**Deer Park**

106 Station Road
Deer Park 3023

**St Albans**

1 Andrea Street
St Albans 3021

**Sunshine**

Level 1, 499 Ballarat Road
Sunshine 3020

**Altona Meadows**

330 Queen Street
Altona Meadows 3028

**Hoppers Crossing**

117–129 Warringa Crescent
Hoppers Crossing 3029

**Wyndham Vale**

510 Ballan Road
Wyndham Vale 3024

**ਕੇਅਰ ਫਾਈਂਡਰ ਸਰਵਿਸ ਫ਼ੋਨ ਨੰਬਰ**

**1300 895 589**

**W** ipchealth.com.au
**E** ipchealth@ipchealth.com.au

IPC Health | IPC Health | IPCHealth_au

ipc Health

# IPC Health ਕੇਅਰ ਫਾਈਂਡਰ ਸਰਵਿਸ



# ਸਾਡੇ ਕੇਅਰ ਫਾਈਂਡਰਾਂ ਨੂੰ ਤੁਹਾਡੀ ਦੇਖਭਾਲ ਲੱਭਣਦਿਓ ਜੋ ਤੁਹਾਨੂੰ ਲੋੜੀਂਦੀ ਹੈ

IPC Health ਦੇ ਕੇਅਰ ਫਾਈਂਡਰ ਉਹਨਾਂ ਬਜ਼ੁਰਗ ਲੋਕਾਂ ਦੀ ਮੱਦਦ ਕਰਦੇ ਹਨ, ਜਿਨ੍ਹਾਂ ਨੂੰ ਰੋਜ਼ਮਰ੍ਹਾ ਦੇ ਕੰਮਾਂ-ਕਾਰਾਂ ਲਈ, ਬਜ਼ੁਰਗਾਂ ਦੀ ਦੇਖਭਾਲ ਸੇਵਾਵਾਂ ਅਤੇ ਉਹਨਾਂ ਲਈ ਉਪਲਬਧ ਸਹਾਇਤਾ ਲੱਭਣ ਲਈ ਮੱਦਦ ਦੀ ਲੋੜ ਹੁੰਦੀ ਹੈ।

ਸਾਡੇ ਕੇਅਰ ਫਾਈਂਡਰ ਉਹ ਬਜ਼ੁਰਗ ਲੋਕਾਂ ਦੀ ਮੱਦਦ ਕਰ ਸਕਦੇ ਹਨ ਜਿਨ੍ਹਾਂ ਕੋਲ ਬਜ਼ੁਰਗ ਦੇਖਭਾਲ ਸੇਵਾਵਾਂ ਅਤੇ ਸਹਾਇਤਾ ਤੱਕ ਪਹੁੰਚ ਅਤੇ ਪ੍ਰਬੰਧ ਕਰਨ ਵਿੱਚ ਚੁਣੌਤੀਆਂ ਜਾਂ ਰੁਕਾਵਟਾਂ ਆਉਂਦੀਆਂ ਹਨ, ਜਿਨ੍ਹਾਂ ਵਿੱਚ My Aged Care (ਮਾਈ ਏਜਡ ਕੇਅਰ) ਸ਼ਾਮਿਲ ਹੈ ਅਤੇ ਜਿਨ੍ਹਾਂ ਦਾ ਕੋਈ ਪਰਿਵਾਰ, ਦੋਸਤ ਜਾਂ ਕੋਈ ਹੋਰ ਪ੍ਰਤੀਨਿਧੀ ਨਹੀਂ ਹੈ ਜੋ ਉਨ੍ਹਾਂ ਦੀ ਮੱਦਦ ਕਰ ਸਕਦਾ ਹੈ।

IPC Heath ਦੀ ਕੇਅਰ ਫਾਈਂਡਰ ਸੇਵਾ ਉਹਨਾਂ ਬਜ਼ੁਰਗ ਲੋਕਾਂ ਦੀ ਮੱਦਦ ਕਰਦੀ ਹੈ, ਜੋ ਬਜ਼ੁਰਗ ਦੇਖਭਾਲ ਸੇਵਾਵਾਂ ਲਈ ਯੋਗ ਹਨ, ਜਿਸ ਵਿੱਚ ਸੱਭਿਆਚਾਰਕ ਅਤੇ ਭਾਸ਼ਾਈ ਵਿਭਿੰਨ ਭਾਈਚਾਰਿਆਂ ਦੇ ਲੋਕ ਅਤੇ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡ ਵਾਸੀ ਅਤੇ ਅਪਾਹਜ਼ ਬਜ਼ੁਰਗ ਲੋਕ ਸ਼ਾਮਲ ਹਨ।

ਸਾਡੀ ਲਚਕਦਾਰ ਸੇਵਾ ਦਾ ਮਤਲਬ ਹੈ ਕਿ ਸਾਡੇ ਕੇਅਰ ਫਾਈਂਡਰ ਤੁਹਾਨੂੰ ਉੱਥੇ ਆ ਕੇ ਮਿਲ ਸਕਦੇ ਹਨ ਜਿੱਥੇ ਵੀ ਤੁਸੀਂ ਸਭ ਤੋਂ ਵੱਧ ਆਰਾਮਦੇਹ ਹੋ।

ਉਹ ਤੁਹਾਡੀ ਸਥਿਤੀ ਨੂੰ ਸਮਝਣ ਲਈ ਸਵਾਲ ਪੁੱਛਣਗੇ, ਤੁਹਾਡੀਆਂ ਲੋੜਾਂ ਬਾਰੇ ਤੁਹਾਡੇ ਨਾਲ ਗੱਲ ਕਰਨਗੇ, ਸਭ ਤੋਂ ਵਧੀਆ ਸੇਵਾ ਜਾਂ ਸਹਾਇਤਾ ਲੱਭਣ ਵਿੱਚ ਤੁਹਾਡੀ ਮੱਦਦ ਕਰਨਗੇ, ਹਰ ਕਦਮ 'ਤੇ ਤੁਹਾਡੇ ਨਾਲ ਕੰਮ ਕਰਨਗੇ।

ਕੇਅਰ ਫਾਈਂਡਰ ਇਹ ਸਮਝਣ ਵਿੱਚ ਤੁਹਾਡੀ ਮੱਦਦ ਕਰ ਸਕਦੇ ਹਨ ਕਿ ਕਿਹੜੀਆਂ ਬਜ਼ੁਰਗ ਦੇਖਭਾਲ ਸੇਵਾਵਾਂ ਅਤੇ ਸਹਾਇਤਾ ਤੁਹਾਡੇ ਲਈ ਉਪਲਬਧ ਹਨ। ਉਹ ਤੁਹਾਨੂੰ ਮੁਲਾਂਕਣ ਪ੍ਰਕਿਰਿਆ ਵਿੱਚ ਸਹਾਇਤਾ ਕਰ ਸਕਦੇ ਹਨ ਅਤੇ ਉਸ ਸੇਵਾ ਨੂੰ ਲੱਭਣ ਵਿੱਚ ਤੁਹਾਡੀ ਮੱਦਦ ਕਰ ਸਕਦੇ ਹਨ ਜੋ ਤੁਹਾਡੀਆਂ ਲੋੜਾਂ ਦੇ ਅਨੁਕੂਲ ਹੋਵੇ। ਉਹ ਤੁਹਾਨੂੰ ਸਮਾਜਕ ਸੰਬੰਧ ਬਣਾਉਣ ਲਈ ਭਾਈਚਾਰੇ ਵਿੱਚ ਹੋਰ ਸਹਾਇਤਾ ਲੱਭਣ ਵਿੱਚ ਵੀ ਤੁਹਾਡੀ ਮੱਦਦ ਕਰ ਸਕਦੇ ਹਨ।

ਸਾਡੇ ਕੇਅਰ ਫਾਈਂਡਰ ਤੁਹਾਡੇ ਨਾਲ ਇਹ ਯਕੀਨੀ ਬਣਾਉਣ ਲਈ ਸੰਪਰਕ ਕਰਨਾ ਜਾਰੀ ਰੱਖਣਗੇ  ਕਿ ਤੁਸੀਂ ਆਪਣੀ ਲੋੜੀਂਦੀ ਦੇਖਭਾਲ ਪ੍ਰਾਪਤ ਕਰ ਰਹੇ ਹੋ ਜਾਂ ਨਹੀਂ। ਉਹ ਤੁਹਾਡੀਆਂ ਸੇਵਾਵਾਂ ਨੂੰ ਬਦਲਣ ਵਿੱਚ ਵੀ ਤੁਹਾਡੀ ਮੱਦਦ ਕਰ ਸਕਦੇ ਹਨ ਜੇਕਰ ਉਹ ਤੁਹਾਡੀਆਂ ਦੇਖਭਾਲ ਦੀਆਂ ਲੋੜਾਂ ਪੂਰੀਆਂ ਨਹੀਂ ਕਰ ਰਹੀਆਂ ਹਨ।

## ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ ਜੇਕਰ ਤੁਸੀਂ...

- ਏਜ਼ਡ ਕੇਅਰ ਸੇਵਾਵਾਂ ਲਈ ਯੋਗ ਹੋ (ਜੋ ਕਿ ਕੋਈ ਜੋ 65+ ਸਾਲ ਜਾਂ 50+ ਸਾਲ ਦਾ ਹੈ ਅਤੇ ਐਬੋਰਿਜ਼ਨਲ ਜਾਂ ਟੋਰੇਸ ਸਟ੍ਰੇਟ ਜਾਂ ਆਈਲੈਂਡਰ ਵਜੋਂ ਪਛਾਣਿਆ ਜਾਂਦਾ ਹੈ ਜਾਂ ਬੇਘਰ ਹੋਣ ਦਾ ਅਨੁਭਵ ਕਰ ਰਿਹਾ ਹੈ।)
- ਬ੍ਰਿਮਬੈਂਕ, ਹੌਬਸਨ ਬੇਅ, ਮੈਰੀਬਿਰਨੌਂਗ, ਵਿੰਡਹੈਮ, ਮੇਲਟਨ ਜਾਂ ਮੂਰਬੂਲ ਦੀਆਂ ਨਗਰ ਪਾਲਿਕਾਵਾਂ ਵਿੱਚ ਰਹਿੰਦੇ ਹੋ ਜਾਂ ਰੋਜ਼ਾਨਾ ਦੇ ਇੱਕ ਤੋਂ ਵੱਧ ਕੰਮਾਂ ਵਿੱਚ ਮੱਦਦ ਅਤੇ ਬਜ਼ੁਰਗਾਂ ਦੀ ਦੇਖਭਾਲ ਸੇਵਾਵਾਂ ਅਤੇ ਸਹਾਇਤਾ ਨੂੰ ਸਮਝਣ ਅਤੇ ਪਹੁੰਚਣ ਲਈ ਵਾਧੂ ਮੱਦਦ ਦੀ ਲੋੜ ਹੈ, ਜਿਸ ਵਿੱਚ My Aged Care (ਮਾਈ ਏਜਡ ਕੇਅਰ) ਸ਼ਾਮਿਲ ਹੈ ਕਿਉਂਕਿ -
  - ਤੁਸੀਂ ਇਕੱਲੇ ਹੋ ਅਤੇ ਤੁਹਾਡੇ ਕੋਲ ਕੋਈ ਪਰਿਵਾਰਕ ਮੈਂਬਰ, ਕੋਈ ਦੋਸਤ ਜਾਂ ਕੋਈ ਹੋਰ ਪ੍ਰਤੀਨਿਧੀ ਨਹੀਂ ਹੈ ਜੋ ਤੁਹਾਡੀ ਮੱਦਦ ਕਰ ਸਕਦਾ/ਸਕਦੀ ਹੈ ਜਾਂ ਕੋਈ ਅਜਿਹਾ ਵਿਅਕਤੀ ਜਿਸ 'ਤੇ ਤੁਸੀਂ ਭਰੋਸਾ ਕਰ ਸਕਦੇ ਹੋ
  - ਤੁਹਾਨੂੰ ਗੱਲਬਾਤ ਕਰਨ ਵਿੱਚ ਮੁਸ਼ਕਲ ਆਉਂਦੀ ਹੈ ਕਿਉਂਕਿ ਤੁਸੀਂ ਅੰਗਰੇਜ਼ੀ ਤੋਂ ਇਲਾਵਾ ਕੋਈ ਹੋਰ ਭਾਸ਼ਾ ਬੋਲਦੇ ਹੋ ਜਾਂ ਤੁਹਾਨੂੰ ਪੜ੍ਹਨ ਅਤੇ ਲਿਖਣ ਵਿੱਚ ਮੁਸ਼ਕਲ ਆਉਂਦੀ ਹੈ
  - ਤੁਹਾਨੂੰ ਜਾਣਕਾਰੀ ਨੂੰ ਸਮਝਣ ਅਤੇ  ਫ਼ੈਸਲੇ ਲੈਣ ਵਿੱਚ ਮੁਸ਼ਕਲ ਆਉਂਦੀ ਹੈ
  - ਤੁਸੀਂ ਬਜ਼ੁਰਗ ਦੇਖਭਾਲ ਮੱਦਦ ਜਾਂ ਹੋਰ ਸਰਕਾਰੀ ਸੇਵਾਵਾਂ ਦੀ ਵਰਤੋਂ ਕਰਨ ਤੋਂ ਝਿਜਕਦੇ ਹੋ।

IPC Health ਕੇਅਰ ਫਾਈਂਡਰ My Aged Care (ਮਾਈ ਏਜ਼ਡ ਕੇਅਰ) ਸਮੇਤ ਅਕਸਰ ਜਟਿਲ ਅਤੇ ਉਲਝਣ ਵਾਲੀ ਬਜ਼ੁਰਗ ਦੇਖਭਾਲ ਸੇਵਾ ਪ੍ਰਣਾਲੀ, ਨੈਵੀਗੇਟ ਕਰਨ ਵਿੱਚ ਤੁਹਾਡੀ ਮੱਦਦ ਕਰ ਸਕਦੇ ਹਨ।

ਅਸੀਂ ਇਹ ਯਕੀਨੀ ਬਣਾਉਣ ਲਈ ਲੋੜੀਂਦਾ ਸਮਰਥਨ ਪ੍ਰਾਪਤ ਕਰਨ ਵਿੱਚ ਤੁਹਾਡੀ ਮੱਦਦ ਕਰ ਸਕਦੇ ਹਾਂ ਕਿ ਤੁਸੀਂ ਆਪਣੇ ਘਰ ਵਿੱਚ ਸੁਰੱਖਿਅਤ ਹੋ, ਜਿਵੇਂ ਕਿ:

- ਨਿੱਜੀ ਦੇਖਭਾਲ ਕਰਨ
- ਭੋਜਨ ਤਿਆਰ ਕਰਨ
- ਖ਼ਰੀਦਦਾਰੀ ਕਰਨ
- ਬਾਗਬਾਨੀ ਅਤੇ ਘਰ ਦੀ ਸੰਭਾਲ ਕਰਨ
- ਆਵਾਜਾਈ ਕਰਨ
- ਘਰ ਵਿੱਚ ਨਰਸਿੰਗ ਜਾਂ ਸਿਹਤ ਸੰਭਾਲ ਵਿੱਚ
- ਅਲਾਈਡ ਹੈਲਥ, ਜਿਵੇਂ ਕਿ ਪੋਡੀਆਟਰੀ, ਡਾਈਟੈਟਿਕਸ, ਫਿਜ਼ੀਓਥੈਰੇਪੀ, ਓਕਿਊਪੇਸ਼ਨਲ ਥੈਰੇਪੀ ਜਾਂ ਕਾਉਂਸਲਿੰਗ
- ਭਾਈਚਾਰਕ ਜਾਂ ਸਮਾਜਿਕ ਗਤੀਵਿਧੀਆਂ

**ਆਪਣੀ ਉਮਰ ਦੀ ਦੇਖਭਾਲ ਦੀਆਂ** ਲੋੜਾਂ ਅਤੇ ਟੀਚਿਆਂ ਬਾਰੇ ਸਮਝੋ

**ਏਜ਼ਡ ਕੇਅਰ ਸਿਸਟਮ ਅਤੇ** ਮੁਲਾਂਕਣ ਪ੍ਰਕਿਰਿਆ ਰਾਹੀਂ ਤੁਹਾਡੀ ਸਹਾਇਤਾ



ਤੁਹਾਡੇ ਨਾਲ **ਚੈੱਕ ਇਨ** ਜਾਰੀ ਰੱਖਦਾ ਹੈ ਅਤੇ ਜਿੱਥੇ ਵੀ ਲੋੜ ਹੋਵੇ ਸਹਾਇਤਾ ਪ੍ਰਦਾਨ ਕਰਨਾ ਜਾਰੀ ਰੱਖਦਾ ਹੈ

ਤੁਹਾਡੀ **ਸੇਵਾਵਾਂ ਅਤੇ ਮੱਦਦ** ਲੱਭਣ ਅਤੇ ਉਹਨਾਂ ਨਾਲ ਜੁੜਨ ਵਿੱਚ ਮੱਦਦ ਕਰਦਾ ਹੈ